ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700

175 ਸਾਲਾਂ ਬਾਅਦ ਪੁਰਾਤਨ ਹੱਥ ਲਿਖਤ ਬੀੜ ਦੇ ਕਰਵਾਏ ਦਰਸ਼ਨ

ਮਨਦੀਪ ਖੁਰਮੀ ਹਿੰਮਤਪੁਰਾ

ਗਲਾਸਗੋ: ਆਪਣੇ ਰਾਜਭਾਗ ਦੇ ਮਾਲਕ ਰਹੇ ਸਿੱਖਾਂ ਲਈ ਇਸ ਤੋਂ ਵੱਡੀ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਕਦੇ ਅਜਿਹਾ ਵਕਤ ਵੀ ਆਵੇ ਕਿ ਉਨ੍ਹਾਂ ਦੀ ਮਲਕੀਅਤ ਵਾਲੇ ਧਾਰਮਿਕ ਗ੍ਰੰਥ ਜਾਂ ਹੋਰ ਵਸਤਾਂ ਕਿਸੇ ਹੋਰ ਕੋਲੋਂ ਇਜਾਜ਼ਤ ਲੈ ਕੇ ਦੇਖਣੀਆਂ ਪੈਣ? ਭਾਰਤ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਬਰਤਾਨਵੀ ਸ਼ਾਸ਼ਕਾਂ ਨੇ ਭਾਰਤ ਦੀਆਂ ਇਤਿਹਾਸਿਕ ਅਤੇ ਅਮੁੱਲੀਆਂ ਵਸਤਾਂ ਹੀ ਬਰਤਾਨੀਆਂ ਨਹੀਂ ਲਿਆਂਦੀਆਂ ਸਗੋਂ ਉਹ ਧਾਰਮਿਕ ਬੀੜਾਂ ਵੀ ਆਪਣੇ ਨਾਲ ਲੈ ਆਏ। ਸਕੌਟਲੈਂਡ ਦੀ ਐਡਿਨਬਰਾ ਯੂਨੀਵਰਸਿਟੀ ਵਲੋਂ 175 ਸਾਲਾਂ ਬਾਅਦ ਪਹਿਲੀ ਵਾਰ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਗਤ ਦੇ ਦਰਸ਼ਨਾਂ ਲਈ ਯੂਨੀਵਰਸਿਟੀ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਦਿੱਤੀ ਹੈ।ਜ਼ਿਕਰਯੋਗ ਹੈ ਕਿ ਉਕਤ ਹੱਥ ਲਿਖਤ ਬੀੜ ਦਾ ਸਬੰਧ ਮਹਾਰਾਜਾ ਖੜਕ ਸਿੰਘ ਨਾਲ ਦੱਸਿਆ ਜਾ ਰਿਹਾ ਹੈ। ਇਸ ਪੁਰਾਤਨ ਹੱਥ ਲਿਖਤ ਬੀੜ ਦੀ ਸਿਆਹੀ 'ਚ ਸੋਨਾ ਵਰਤਿਆ ਗਿਆ ਹੈ। ਮਹਾਰਾਣੀ ਵਿਕਟੋਰੀਆ ਨੂੰ ਕੋਹਿਨੂਰ ਹੀਰਾ ਭੇਂਟ ਕਰਨ ਵਾਲੇ ਸਰ ਜੌਹਨ ਸਪੈਂਸਰ ਲੋਗਨ ਵਲੋਂ ਇਹ ਬੀੜ ਯੂਨੀਵਰਸਿਟੀ ਔਫ਼ ਐਡਿਨਬਰਾ ਦੇ ਸਪੁਰਦ ਕੀਤੀ ਗਈ ਸੀ। ਕਿਹਾ ਜਾਂਦਾ ਹੈ ਕਿ ਉਕਤ ਪੁਰਾਤਨ ਹੱਥ ਲਿਖਤ ਬੀੜ ਮਹਾਰਾਜਾ ਖੜਕ ਸਿੰਘ ਕੋਲ ਸੀ, ਅਤੇ ਬਰਤਾਨੀਆ ਲਿਆਉਣ ਲਈ ਦੁੱਲੇਵਾਲਾ ਦੇ ਕਿਲੇ 'ਚੋਂ ਇਹ ਆਪਣੇ ਕਬਜ਼ੇ 'ਚ ਲੈ ਲਈ ਗਈ ਸੀ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਇਸ ਹੱਥ ਲਿਖਤ ਬੀੜ ਉੱਪਰ ਖੋਜ ਹੋ ਰਹੀ ਹੈ, ਪਰ ਇਸ ਬੀੜ ਨਾਲ ਮਿਲੇ ਰੌਇਲ ਏਸ਼ੀਐਟਿਕ ਸੋਸਾਇਟੀ ਦੇ 1851 ਦੇ ਪੱਤਰਾਂ 'ਚੋਂ ਵੀ ਬਹੁਤ ਜਾਣਕਾਰੀ ਪ੍ਰਾਪਤ ਹੋਈ ਹੈ।

ਬੀਤੇ ਦਿਨੀ ਇਸ ਬੀੜ ਨੂੰ ਐਡਿਨਬਰਾ ਦੇ ਸ਼ੈਰਿਫ਼ ਬਰੇਅ ਗੁਰਦੁਆਰਾ ਸਾਹਿਬ ਲੀਥ ਵਿਖੇ ਸੰਗਤ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਸੀ। ਕਿਸੇ ਵੇਲੇ ਖ਼ਾਲਸਾ ਰਾਜ ਦੀ ਸੰਪਤੀ ਰਹੀ ਉਕਤ ਬੀੜ ਨੂੰ ਹੁਣ 175 ਸਾਲਾਂ ਬਾਅਦ ਇੱਕ ਵਿਸ਼ੇਸ਼ ਇਜਾਜ਼ਤ ਦੇ ਕੇ ਮਹਿਜ਼ ਕੁੱਝ ਘੰਟਿਆਂ ਲਈ ਹੀ ਯੂਨੀਵਰਸਿਟੀ ਤੋਂ ਬਾਹਰ ਲਿਆਉਣ ਦੀ ਆਗਿਆ ਮਿਲੀ ਸੀ। ਗੁਰੂ ਘਰ ਕਮੇਟੀ ਅਤੇ ਸੰਗਤਾਂ ਵਲੋਂ ਬਹੁਤ ਹੀ ਸਤਿਕਾਰ ਸਹਿਤ ਪੁਰਾਤਨ ਹੱਥ ਲਿਖਤ ਬੀੜ ਨੂੰ ਗੁਰਦੁਆਰਾ ਸਾਹਿਬ ਲਿਆਂਦਾ ਗਿਆ ਅਤੇ ਗਿਆਨੀ ਹਿੰਮਤ ਸਿੰਘ ਜੀ ਉਨ੍ਹਾਂ ਇਤਿਹਾਸਿਕ ਪਲਾਂ ਦੇ ਗਵਾਹ ਬਣੇ ਜਦੋਂ ਉਨ੍ਹਾਂ ਨੇ ਇਸ ਬੀੜ ਦਾ ਪ੍ਰਕਾਸ਼ ਕਰ ਕੇ ਸੰਗਤ ਲਈ ਵਾਕ ਲਿਆ। ਇਸ ਸਮੇਂ ਦਾ ਮਾਹੌਲ ਬਹੁਤ ਹੀ ਭਾਵਕ ਕਰਨ ਵਾਲਾ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਦੇਖ ਕੇ ਬਹੁਤ ਸਾਰੀਆਂ ਸੰਗਤਾਂ ਦੀਆਂ ਅੱਖਾਂ ਦੇ ਕੋਏ ਵੀ ਗਿੱਲੇ ਹੋਏ ਦੇਖੇ ਗਏ। ਇਸ ਸੰਬੰਧੀ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਟਰੱਸਟੀ ਸਰਦਾਰ ਸੁਰਜੀਤ ਸਿੰਘ ਚੌਧਰੀ ਨੇ ਗੱਲਬਾਤ ਦੌਰਾਨ ਗਲਾਸਗੋ ਦੀਆਂ ਸੰਗਤਾਂ ਨੂੰ ਯਕੀਨ ਦਵਾਇਆ ਕਿ ਬਹੁਤ ਜਲਦੀ ਉਕਤ ਪੁਰਾਤਨ ਹੱਥ ਲਿਖਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗਲਾਸਗੋ 'ਚ ਵੀ ਸੰਗਤਾਂ ਦੇ ਦਰਸ਼ਨਾਂ ਲਈ ਲਿਜਾਈ ਜਾਵੇਗੀ।

ਦਫ਼ਤਰ 'ਚ Romance ਨੂੰ ਲੈ ਕੇ Indians ਨੇ ਬਣਾ ਦਿੱਤਾ ਰਿਕਾਰਡ

ਨਵੀਂ ਦਿੱਲੀ: ਦਫ਼ਤਰ 'ਚ ਲੰਮੇ ਸਮੇਂ ਤਕ ਇਕੱਠੇ ਕੰਮ ਕਰਨ ਕਾਰਨ ਸਹਿਕਰਮੀਆਂ 'ਚ ਨਜ਼ਦੀਕੀਆਂ ਬਣਨਾ ਕੋਈ ਨਵੀਂ ਗੱਲ ਨਹੀਂ। ਇਸੇ ਵਿਸ਼ੇ ਨੂੰ ਧਿਆਨ 'ਚ ਰੱਖਦਿਆਂ ਰਿਲੇਸ਼ਨਸ਼ਿਪ ਪਲੈਟਫ਼ੌਰਮ **Ashley Madison** ਨੇ 11 ਦੇਸ਼ਾਂ 'ਚ ਇੱਕ ਵੱਡਾ ਸਰਵੇ ਕੀਤਾ। ਇਸ ਸਟੱਡੀ 'ਚ 13 ਹਜ਼ਾਰ 500 ਤੋਂ ਵੱਧ ਬਾਲਗਾਂ ਨੇ ਹਿੱਸਾ ਲਿਆ।

ਭਾਰਤ 'ਚ Office Romance ਦੀ ਸਥਿਤੀ: ਰਿਪੋਰਟ ਅਨੁਸਾਰ ਮੈਕਸੀਕੋ 43 ਫ਼ੀਸਦੀ ਦੇ ਨਾਲ ਪਹਿਲੇ ਸਥਾਨ 'ਤੇ ਰਿਹਾ ਜਿੱਥੇ ਲੋਕਾਂ ਨੇ ਖੁੱਲ੍ਹੇ ਤੌਰ 'ਤੇ ਦੱਸਿਆ ਕਿ ਉਨ੍ਹਾਂ ਨੇ ਦਫ਼ਤਰ 'ਚ ਸਹਿਕਰਮੀਆਂ ਨਾਲ ਰੋਮੈਂਟਿਕ ਰਿਸ਼ਤੇ ਬਣਾਏ। ਉਸ ਤੋਂ ਬਾਅਦ ਭਾਰਤ 40 ਫ਼ੀਸਦੀ ਦੇ ਨਾਲ ਦੂਜੇ ਨੰਬਰ 'ਤੇ ਆਇਆ। ਤੀਜੇ ਸਥਾਨ 'ਤੇ **UK, US** ਅਤੇ **Canada** ਰਹੇ ਜਿੱਥੇ ਇਹ ਅੰਕੜਾ ਲਗਭਗ 30 ਫ਼ੀਸਦੀ ਰਿਹਾ।

ਸਟੱਡੀ ਤੋਂ ਇਹ ਵੀ ਸਾਹਮਣੇ ਆਇਆ ਕਿ ਪੁਰਸ਼ ਔਰਤਾਂ ਦੇ ਮੁਕਾਬਲੇ ਔਫ਼ਿਸ ਰੋਮੈਂਸ 'ਚ ਵੱਧ ਸ਼ਾਮਿਲ ਰਹੇ। ਦਫ਼ਤਰ 'ਚ ਦੋ ਸਹਿਕਰਮੀਆਂ 'ਚ ਬਣਿਆ ਰੋਮੈਂਟਿਕ ਜਾਂ ਸ਼ਰੀਰਕ ਰਿਸ਼ਤਾ ਔਫ਼ਿਸ ਰੋਮੈਂਸ ਕਹਾਉਂਦਾ ਹੈ। ਇਹ ਰਿਸ਼ਤਾ ਦੋ ਸਿੰਗਲ ਲੋਕਾਂ ਦੇ ਵਿਚਕਾਰ,



ਸਿੰਗਲ ਅਤੇ ਵਿਆਹੁਤਾ ਵਿਅਕਤੀ ਦੇ ਵਿਚਕਾਰ ਜਾਂ ਉਮਰ ਦੇ ਵੱਡੇ ਫ਼ਰਕ ਵਾਲੇ ਲੋਕਾਂ ਵਿਚਕਾਰ ਵੀ ਹੋ ਸਕਦਾ ਹੈ। ਕਈ ਵਾਰ ਫ਼ੇਵਰਟਿਜ਼ਮ (ਪੱਖਪਾਤ) ਵੀ ਇਸ ਦਾ ਹਿੱਸਾ ਬਣ ਜਾਂਦਾ ਹੈ ਜਿਹੜਾ ਦਫ਼ਤਰ ਦੇ ਮਾਹੌਲ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਔਫ਼ਿਸ ਰੋਮੈਂਸ ਦੇ ਫ਼ਾਇਦੇ ਅਤੇ ਚੁਣੌਤੀਆਂ: ਔਫ਼ਿਸ ਰੋਮੈਂਸ ਹਮੇਸ਼ਾ ਗ਼ਲਤ ਜਾਂ ਹਮੇਸ਼ਾ ਸਹੀ ਨਹੀਂ ਮੰਨਿਆ ਜਾ ਸਕਦਾ। ਦੋ ਸਿੰਗਲ ਲੋਕਾਂ ਵਿਚਕਾਰ ਬਣੇ ਰਿਸ਼ਤੇ ਅਕਸਰ ਵਿਆਹ ਤਕ ਵੀ ਪਹੁੰਚ ਸਕਦੇ ਹਨ। ਪਰ ਜੇਕਰ ਰਿਸ਼ਤਾ ਕਿਸੇ ਵਿਆਹੁਤਾ ਵਿਅਕਤੀ ਨਾਲ ਹੋਵੇ ਤਾਂ ਮੁਸ਼ਕਿਲਾਂ ਵੱਧ ਜਾਂਦੀਆਂ ਹਨ। ਬ੍ਰੇਕਅੱਪ ਤੋਂ ਬਾਅਦ ਪ੍ਰੋਫ਼ੈਸ਼ਨਲ ਮਾਹੌਲ ਬਣਾਏ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ। ਕਈ ਵਾਰ ਭਾਵਨਾਵਾਂ ਕਰ ਕੇ ਟੈਲੈਂਟ ਦੀ ਬਜਾਏ ਪੱਖਪਾਤ ਹੁੰਦਾ ਹੈ ਜੋ ਦਫ਼ਤਰ ਦੇ ਕੰਮਕਾਜ 'ਤੇ ਅਸਰ ਪਾਉਂਦਾ ਹੈ।

ਕੀ ਭਾਰਤ 'ਚ ਔਫ਼ਿਸ ਰੋਮੈਂਸ ਮਨਜ਼ੂਰ ਹੈ? ਭਾਰਤ 'ਚ ਔਫ਼ਿਸ ਰੋਮੈਂਸ 'ਤੇ ਕਾਨੂੰਨੀ ਤੌਰ 'ਤੇ ਮਨਾਹੀ ਨਹੀਂ, ਪਰ ਜ਼ਿਆਦਾਤਰ ਕੰਪਨੀਆਂ ਦੀਆਂ ਆਪੋ-ਆਪਣੀਆਂ ਨੀਤੀਆਂ ਹੁੰਦੀਆਂ ਹਨ। ਕਈ ਸੰਸਥਾਵਾਂ ਪੇਸ਼ੇਵਰ ਮਾਹੌਲ 'ਤੇ ਅਸਰ ਨਾ ਪਵੇ, ਇਸ ਲਈ ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਮਨਜ਼ੂਰ ਨਹੀਂ ਕਰਦੀਆਂ ਤਾਂ ਕਿ ਪ੍ਰੋਫ਼ੈਸ਼ਨਲ ਮਾਹੌਲ ਪ੍ਰਭਾਵਿਤ ਨਾ ਹੋਵੇ।

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644

ਕੈਲੇਫ਼ੋਰਨੀਆ ਵਲੋਂ 17 ਹਜ਼ਾਰ ਟਰੱਕ ਲਾਇਸੈਂਸ ਰੱਦ

ਵਾਸ਼ਿੰਗਟਨ: **US** ਦੇ ਕੈਲੇਫ਼ੋਰਨੀਆ ਰਾਜ ਨੇ ਵਿਦੇਸ਼ੀਆਂ ਨੂੰ ਜਾਰੀ ਕੀਤੇ ਗਏ ਲਗਭਗ 17 ਹਜ਼ਾਰ ਕਾਮਰਸ਼ਲ ਡਰਾਇਵਰਾਂ ਦੇ ਲਾਇਸੈਂਸ (**CDL**) ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਕਦਮ ਨਾਲ ਅਮਰੀਕਾ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਟਰੱਕ ਡਰਾਇਵਰਾਂ, ਜਿਨ੍ਹਾਂ ਨੇ ਪਿਛਲੇ ਇੱਕ ਦਹਾਕੇ 'ਚ ਡਰਾਇਵਰਾਂ ਦੀ ਕਮੀ ਨੂੰ ਪੂਰਾ ਕੀਤਾ ਸੀ, ਨੂੰ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਗ਼ਲਤ ਲੇਨ ਅਤੇ ਜਾਨਲੇਵਾ ਹਾਦਸੇ ਬਣੇ ਕਾਰਨ: ਇਹ ਵੱਡੀ ਕਾਰਵਾਈ ਡੌਨਲਡ ਟਰੰਪ ਪ੍ਰਸ਼ਾਸਨ ਦੁਆਰਾ ਨਾਜਾਇਜ਼ ਪਰਵਾਸੀਆਂ ਨੂੰ ਗ਼ਲਤ ਢੰਗ ਨਾਲ ਲਾਇਸੈਂਸ ਦੇਣ ਦੀ ਚਿੰਤਾ ਤੋਂ ਬਾਅਦ ਸ਼ੁਰੂ ਹੋਈ। ਇਸ ਦਾ ਮੁੱਖ ਕਾਰਨ ਨਾਜਾਇਜ਼ ਟਰੱਕ ਡਰਾਇਵਰਾਂ ਨਾਲ ਜੁੜੇ ਜਾਨਲੇਵਾ ਸੜਕ ਹਾਦਸੇ ਹਨ।

1. ਅਗਸਤ 'ਚ ਫ਼ਲੌਰੀਡਾ 'ਚ ਇੱਕ ਗ਼ੈਰ-ਕਾਨੂੰਨੀ ਭਾਰਤੀ ਪਰਵਾਸੀ ਡਰਾਇਵਰ ਨੇ ਯੂ-ਟਰਨ ਲੈ ਕੇ ਇੱਕ ਹਾਦਸਾ ਕਰ ਦਿੱਤਾ ਜਿਸ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ।

2. ਪਿਛਲੇ ਮਹੀਨੇ ਕੈਲੇਫ਼ੋਰਨੀਆ 'ਚ ਵੀ ਇੱਕ ਹੋਰ ਗ਼ੈਰ-ਕਾਨੂੰਨੀ ਭਾਰਤੀ ਪਰਵਾਸੀ ਟਰੱਕ ਡਰਾਇਵਰ ਨਾਲ ਜੁੜੇ ਹਾਦਸੇ 'ਚ ਤਿੰਨ ਲੋਕ ਮਾਰੇ ਗਏ ਸਨ।

ਕੈਲੇਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਲਾਇਸੈਂਸ ਇਸ ਲਈ ਅਵੈਧ ਸਨ ਕਿਉਂਕਿ ਉਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਡਰਾਇਵਰਾਂ ਦੇ **US** 'ਚ ਕਾਨੂੰਨੀ ਤੌਰ 'ਤੇ ਰਹਿਣ ਦੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ



ਸੀ।

ਟਰਾਂਸਪੋਰਟ ਸਕੱਤਰ ਵਲੋਂ ਸਖ਼ਤ ਨਿੰਦਾ ਅਤੇ ਫ਼ੰਡ ਰੋਕੇ: **US** ਟਰਾਂਸਪੋਰਟ ਸਕੱਤਰ ਸ਼ਾਨ ਪੀ. ਡਫ਼ੀ ਨੇ ਕੈਲੇਫ਼ੋਰਨੀਆ ਦੇ ਦਾਅਵੇ ਨੂੰ ਖ਼ਾਰਿਜ ਕਰਦਿਆਂ ਕਿਹਾ ਕਿ ਇਸ ਫ਼ੈਸਲੇ ਨੇ ਸਾਬਿਤ ਕਰ ਦਿੱਤਾ ਹੈ ਕਿ ਰਾਜ ਨੇ ਆਪਣੀ ਪ੍ਰਕਿਰਿਆ ਨੂੰ ਗ਼ਲਤ ਢੰਗ ਨਾਲ ਸੰਭਾਲਿਆ। ਡਫ਼ੀ ਨੇ ਇੱਕ ਬਿਆਨ 'ਚ ਕਿਹਾ ਕਿ ਹੁਣ ਜਦੋਂ ਅਸੀਂ ਉਨ੍ਹਾਂ ਦੇ ਝੂਠ ਨੂੰ ਉਜਾਗਰ ਕਰ ਦਿੱਤਾ ਹੈ ਤਾਂ 17 ਹਜ਼ਾਰ ਨਾਜਾਇਜ਼ ਢੰਗ ਨਾਲ ਜਾਰੀ ਕੀਤੇ ਗਏ ਟਰੱਕਿੰਗ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ ਡਫ਼ੀ ਨੇ ਟਰੱਕਰਾਂ ਲਈ ਅੰਗਰੇਜ਼ੀ ਭਾਸ਼ਾ ਦੀਆਂ ਲੋੜਾਂ ਨੂੰ ਲਾਗੂ ਨਾ ਕਰਨ 'ਤੇ ਕੈਲੇਫ਼ੋਰਨੀਆ ਦੇ 40 ਮਿਲੀਅਨ ਡਾਲਰ ਦੇ ਸੰਘੀ ਫ਼ੰਡ ਵੀ ਰੱਦ ਕਰ ਦਿੱਤੇ ਹਨ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਸਾਰੀਆਂ ਚਿੰਤਾਵਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਉਹ ਰਾਜ ਤੋਂ ਹੋਰ 160 ਮਿਲੀਅਨ ਡਾਲਰ ਦੇ ਹੋਰ ਫ਼ੰਡ ਰੋਕ ਲੈਣਗੇ।

ਨਵੇਂ ਸਖ਼ਤ ਨਿਯਮ ਲਾਗੂ: ਸਤੰਬਰ 'ਚ ਡਫ਼ੀ ਦੁਆਰਾ ਐਲਾਨੇ ਗਏ ਨਵੇਂ ਨਿਯਮਾਂ ਨੇ ਪਰਵਾਸੀਆਂ ਲਈ ਕਾਮਰਸ਼ਲ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਬਣਾ ਦਿੱਤਾ ਹੈ। ਹੁਣ ਸਿਰਫ਼ ਤਿੰਨ ਕਿਸਮਾਂ ਦੇ ਵੀਜ਼ੇ ਵਾਲੇ ਲੋਕ ਹੀ ਯੋਗ ਹੋਣਗੇ, ਅਤੇ ਲਾਇਸੈਂਸ ਸਿਰਫ਼ ਇੱਕ ਸਾਲ ਤਕ ਜਾਂ ਵੀਜ਼ੇ ਦੀ ਮਿਆਦ ਖ਼ਤਮ ਹੋਣ ਤਕ ਹੀ ਵੈਧ ਹੋਣਗੇ। ਰਿਪੋਰਟ ਅਨੁਸਾਰ, ਨਵੇਂ ਨਿਯਮਾਂ ਦੇ ਤਹਿਤ ਕਾਮਰਸ਼ਲ ਲਾਇਸੈਂਸ ਰੱਖਣ ਵਾਲੇ ਦੋ ਲੱਖ ਗ਼ੈਰ-ਨਾਗਰਿਕਾਂ 'ਚੋਂ ਸਿਰਫ਼ 10 ਹਜ਼ਾਰ ਹੀ ਯੋਗ ਹੋਣਗੇ।

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070

ਮੈਂ ਮਰਨ ਲਈ ਹਾਂ ਤਿਆਰ, ਰੋਟੀ ਲਈ ਵੀ ਮੈਂ ਦੂਜਿਆਂ 'ਤੇ ਹਾਂ ਨਿਰਭਰ - ਯੋਗਰਾਜ ਸਿੰਘ

ਚੰਡੀਗੜ੍ਹ: ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਦੇ ਪਿਤਾ ਯੋਗਰਾਜ ਸਿੰਘ ਹਮੇਸ਼ਾ ਆਪਣੇ ਸਖ਼ਤ ਬਿਆਨਾਂ ਲਈ ਸੁਰਖ਼ੀਆਂ 'ਚ ਰਹਿੰਦੇ ਹਨ। ਇਸ ਵਾਰ ਸਾਬਕਾ ਕ੍ਰਿਕਟਰ ਨੇ ਆਪਣੀ ਨਿੱਜੀ ਜ਼ਿੰਦਗੀ ਬਾਰੇ ਇੱਕ ਮਹੱਤਵਪੂਰਣ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਹੁਣ ਪੂਰੀ ਹੋ ਗਈ ਹੈ, ਅਤੇ ਉਹ ਮਰਨ ਲਈ ਤਿਆਰ ਹਨ।

ਮੈਨੂੰ ਖਾਣੇ ਲਈ ਦੂਜਿਆਂ 'ਤੇ ਨਿਰਭਰ ਕਰਨਾ ਪੈਂਦੈ: ਵਿੰਟੇਜ ਸਟੂਡੀਓ ਨਾਲ ਇੱਕ ਇੰਟਰਵਿਊ 'ਚ ਸਾਬਕਾ ਭਾਰਤੀ ਕ੍ਰਿਕਟਰ ਯੋਗਰਾਜ ਨੇ ਕਿਹਾ ਕਿ ਉਨ੍ਹਾਂ ਨੂੰ ਖਾਣੇ ਲਈ ਵੀ ਦੂਜਿਆਂ 'ਤੇ ਨਿਰਭਰ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ, "ਮੈਂ ਸ਼ਾਮ ਨੂੰ ਇਕੱਲਾ ਬੈਠਦਾ ਹਾਂ, ਘਰ 'ਚ ਕੋਈ ਨਹੀਂ ਹੁੰਦਾ। ਮੈਂ ਖਾਣੇ ਲਈ ਅਜਨਬੀਆਂ 'ਤੇ ਨਿਰਭਰ ਕਰਦਾਂ, ਕਦੇ ਇੱਕ, ਕਦੇ ਦੂਜਾ। ਹਾਲਾਂਕਿ ਮੈਂ ਕਿਸੇ ਨੂੰ ਪਰੇਸ਼ਾਨ ਨਹੀਂ ਕਰਦਾ। ਜੇ ਮੈਨੂੰ ਭੁੱਖ ਲੱਗਦੀ ਹੈ ਤਾਂ ਕੋਈ ਮੇਰੇ ਲਈ ਖਾਣਾ ਲਿਆਉਂਦਾ ਹੈ। ਮੇਰੇ ਘਰ 'ਚ ਨੌਕਰ ਅਤੇ ਰਸੋਈਏ ਹਨ; ਉਹ ਖਾਣਾ ਪਰੋਸਦੇ ਹਨ ਅਤੇ ਚਲੇ ਜਾਂਦੇ ਹਨ।"

ਬਹੁਤ ਪਿਆਰ ਕਰਦਾਂ ਮੈਂ ਆਪਣੇ ਪਰਿਵਾਰ ਨੂੰ: ਉਨ੍ਹਾਂ ਸਮਝਾਇਆ ਕਿ ਉਹ

ਆਪਣੇ ਪਰਿਵਾਰ ਨੂੰ ਬਹੁਤ ਪਿਆਰ ਕਰਦਾ ਹੈ, ਪਰ ਉਹ ਕਿਸੇ ਤੋਂ ਮਦਦ ਨਹੀਂ ਮੰਗਦਾ। ਯੋਗਰਾਜ ਨੇ ਅੱਗੇ ਕਿਹਾ, "ਮੈਂ ਆਪਣੀ ਮਾਂ, ਬੱਚਿਆਂ, ਨੂੰਹ, ਪੋਤੇ-ਪੋਤੀਆਂ, ਆਪਣੇ ਪਰਿਵਾਰ ਦੇ ਸਾਰਿਆਂ ਨੂੰ ਪਿਆਰ ਕਰਦਾ ਹਾਂ। ਪਰ ਮੈਂ ਕੁੱਝ ਵੀ ਮੰਗਦਾ ਨਹੀਂ। ਮੈਂ ਮਰਨ ਲਈ ਤਿਆਰ ਹਾਂ। ਮੇਰੀ ਜ਼ਿੰਦਗੀ ਪੂਰੀ ਹੋ ਚੁੱਕੀ ਹੈ। ਪਰਮਾਤਮਾ ਜਦੋਂ ਚਾਹੇ ਮੈਨੂੰ ਲੈ ਕੇ ਜਾ ਸਕਦਾ ਹੈ। ਮੈਂ ਪ੍ਰਮਾਤਮਾ ਦਾ ਬਹੁਤ ਧੰਨਵਾਦੀ ਹਾਂ, ਮੈਂ ਪ੍ਰਾਰਥਨਾ ਕਰਦਾ ਹਾਂ, ਅਤੇ ਉਹ ਦਿੰਦਾ ਰਹਿੰਦਾ ਹੈ।"

ਯੋਗਰਾਜ ਨੇ ਕਿਹਾ ਕਿ ਜਦੋਂ ਉਨ੍ਹਾਂ ਦੀ ਪਤਨੀ ਅਤੇ ਪੁੱਤਰ ਯੁਵਰਾਜ ਨੇ ਉਨ੍ਹਾਂ ਨੂੰ ਛੱਡਣ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਨੂੰ ਬਹੁਤ ਸਦਮਾ ਲੱਗਾ। ਯੋਗਰਾਜ ਨੇ ਕਿਹਾ ਕਿ ਉਸ ਨੂੰ ਅਜੇ ਵੀ ਸਮਝ ਨਹੀਂ ਆ ਰਿਹਾ ਕਿ ਉਨ੍ਹਾਂ ਨੇ ਇਕੱਲੇ ਰਹਿਣ ਲਈ ਕੀ ਕੀਤਾ। ਉਨ੍ਹਾਂ ਨੇ ਕਿਹਾ, "ਜਦੋਂ ਹਾਲਾਤ ਅਜਿਹੇ ਹੋ ਗਏ ਕਿ ਯੁਵੀ ਅਤੇ ਉਸ ਦੀ ਮਾਂ ਮੈਨੂੰ ਛੱਡ ਗਏ ਤਾਂ ਮੈਨੂੰ ਬਹੁਤ ਦੁੱਖ ਹੋਇਆ। ਜਿਸ ਔਰਤ ਨੂੰ ਮੈਂ ਆਪਣੀ ਪੂਰੀ ਜ਼ਿੰਦਗੀ, ਆਪਣੀ ਪੂਰੀ ਜਵਾਨੀ ਸਮਰਪਿਤ ਕੀਤੀ, ਉਹ ਮੈਨੂੰ ਕਿਵੇਂ ਛੱਡ ਸਕਦੀ ਸੀ?